BCRenal
Provincial Health Services Authority

# ਗੁਰਦੇ ਦਾ ਟ੍ਰਾਂਸਪਲਾਂਟ

## Kidney Transplant (Punjabi)
## (includes all slides with notes)



## *1.1 ਗੁਰਦੇ ਦਾ ਟ੍ਰਾਂਸਪਲਾਂਟ*




**Notes:**

ਜਿਨ੍ਹਾਂ ਲੋਕਾਂ ਦੇ ਗੁਰਦੇ ਕੰਮ ਕਰਨਾ ਬੰਦ ਕਰ ਦਿੰਦੇ ਹਨ ਉਨ੍ਹਾਂ ਵਿੱਚੋਂ ਬਹੁਤੇ ਜਾਣੀਆਂ ਲਈ ਗੁਰਦੇ ਦਾ ਟ੍ਰਾਂਸਪਲਾਂਟ ਇੱਕ ਤਰਜੀਹੀ ਚੋਣ ਹੈ।

## *1.2 ਵਿਸ਼ੇ*

### ਅਸੀਂ ਕੀ ਕਵਰ ਕਰਾਂਗੇ




- ਟ੍ਰੀਟਮੈਂਟ ਦੀ ਚੋਣ ਵਜੋਂ ਟ੍ਰਾਂਸਪਲਾਂਟ
- ਟ੍ਰਾਂਸਪਲਾਂਟ ਦੀਆਂ ਕਿਸਮਾਂ
- ਟ੍ਰਾਂਸਪਲਾਂਟ ਦੇ ਫਾਇਦੇ
- ਟ੍ਰਾਂਸਪਲਾਂਟ ਲਈ ਯੋਗਤਾ
- ਜਿਊਂਦਾ ਦਾਨੀ ਲੱਭਣਾ
- ਟ੍ਰਾਂਸਪਲਾਂਟ ਸਰਜਰੀ ਅਤੇ ਫ਼ਾਲੋ-ਅੱਪ

**Notes:**

ਇਸ ਪੇਸ਼ਕਸ਼ ਦੌਰਾਨ ਅਸੀਂ ਟ੍ਰੀਟਮੇਂਟ ਦੀ ਚੋਣ ਵਜੋਂ ਟ੍ਰਾਂਸਪਲਾਂਟ ਬਾਰੇ ਵਿਚਾਰ ਕਰਾਂਗੇ। ਅਸੀਂ ਟ੍ਰਾਂਸਪਲਾਂਟ ਦੀਆਂ ਕਿਸਮਾਂ ਬਾਰੇ ਅਤੇ ਉਹਨਾਂ ਦੀ ਫਾਇਦਿਆਂ ਬਾਰੇ ਗੱਲ ਕਰਾਂਗੇ ਅਤੇ ਦੱਸਾਂਗੇ ਕਿ ਅਸੀਂ ਕਿਵੇਂ ਪੱਕਾ ਕਰਦੇ ਹਾਂ ਕਿ ਇਹ ਤੁਹਾਡੇ ਵਾਸਤੇ ਇੱਕ ਸਹੀ ਚੋਣ ਹੈ। ਅਸੀਂ ਜਿਊਂਦਾ ਦਾਨੀ ਲੱਭਣ ਸਬੰਧੀ ਕਾਰਜ ਨੀਤੀਆਂ ਬਾਰੇ ਗੱਲ ਕਰਾਂਗੇ ਅਤੇ ਨਾਲ ਹੀ ਇਹ ਵਿਚਾਰ-ਵਟਾਂਦਰਾ ਵੀ ਕਰਾਂਗੇ ਕਿ ਟ੍ਰਾਂਸਪਲਾਂਟ ਤੋਂ ਬਾਅਦ ਤੁਸੀਂ ਅਤੇ ਕੋਈ ਸੰਭਾਵਿਤ ਦਾਨੀ ਕੀ ਉਮੀਦ ਰੱਖ ਸਕਦਾ ਹੈ।


Presentation © BC Renal, December 2020

## *1.3 ਗੁਰਦੇ ਦਾ ਟ੍ਰਾਂਸਪਲਾਂਟ ਕੀ ਹੁੰਦਾ ਹੈ?*




**Notes:**

ਟ੍ਰਾਂਸਪਲਾਂਟ ਦੀ ਸਰਜਰੀ ਦੌਰਾਨ, ਕਿਸੇ ਹੋਰ ਵਿਅਕਤੀ ਦਾ ਸਿਹਤਮੰਦ ਗੁਰਦਾ ਕੱਢ ਕੇ ਤੁਹਾਡੇ ਸਰੀਰ ਦੇ ਅੰਦਰ ਲੱਗਾ ਦਿੱਤਾ ਜਾਂਦਾ ਹੈ। ਗੁਰਦਿਆਂ ਦੀ ਰੋਗ ਲਈ ਇਹ ਪੱਕਾ *ਇਲਾਜ* ਤਾਂ ਨਹੀਂ, ਸਗੋਂ ਇੱਕ ਅਸਰਦਾਰ ਟ੍ਰੀਟਮੇਂਟ ਹੈ।

ਇਹ ਤਸਵੀਰ ਦਿਖਾਉਂਦੀ ਹੈ ਕਿ ਨਵਾਂ ਗੁਰਦਾ ਤੁਹਾਡੇ ਸਰੀਰ ਦੇ ਅੰਦਰ ਕਿੱਥੇ ਲਗਾਇਆ ਜਾਂਦਾ ਹੈ।

## *1.4 ਗੁਰਦੇ ਦਾ ਟ੍ਰਾਂਸਪਲਾਂਟ ਕੀ ਹੁੰਦਾ ਹੈ?*




**Notes:**

ਆਪਣੇ ਗੁਰਦੇ ਨੂੰ ਸਿਹਤਮੰਦ ਰੱਖਣ ਵਾਸਤੇ, ਤੁਹਾਨੂੰ ਆਪਣੀ ਬਾਕੀ ਦੀ ਸਾਰੀ ਉਮਰ ਦਵਾਈਆਂ ਲੈਣੀਆਂ ਪੈਣਗੀਆਂ। ਤੁਹਾਨੂੰ ਆਪਣੀ ਸਿਹਤ ਸੰਭਾਲ ਟੀਮ ਨਾਲ ਵੀ ਬਕਾਇਦਾ ਮਿਲਦੇ ਰਹਿਣਾ ਪਵੇਗਾ।

## *1.5 ਗੁਰਦਾ ਟ੍ਰਾਂਸਪਲਾਂਟ ਕਰਵਾਉਣ ਬਾਰੇ ਕਿਉਂ ਵਿਚਾਰ ਕਰਨਾ ਚਾਹੀਦਾ ਹੈ?*




**Notes:**

ਗੁਰਦਾ ਟ੍ਰਾਂਸਪਲਾਂਟ ਕਰਵਾਉਣ ਬਾਰੇ ਵਿਚਾਰ ਕਰਨ ਦਾ ਇੱਕ ਮਹੱਤਵਪੂਰਨ ਕਾਰਨ ਹੈ ਡਾਇਐਲਾਸਿਸ ਕਰਵਾਉਣ ਦੀ ਲੋੜ ਤੋਂ ਬਚਣਾ।


Presentation © BC Renal, December 2020

## *1.6 ਗੁਰਦਾ ਟ੍ਰਾਂਸਪਲਾਂਟ ਕਰਵਾਉਣ ਬਾਰੇ ਕਿਉਂ ਵਿਚਾਰ ਕਰਨਾ ਚਾਹੀਦਾ ਹੈ?*




**Notes:**

ਡਾਇਐਲਾਸਿਸ ਕਰਵਾਉਣ ਵਾਲੇ ਲੋਕਾਂ ਨਾਲੋਂ ਟ੍ਰਾਂਸਪਲਾਂਟ ਕਰਵਾਉਣ ਵਾਲੇ ਲੋਕ ਜ਼ਿਆਦਾ ਆਮ ਜ਼ਿੰਦਗੀ ਬਤੀਤ ਕਰ ਸਕਦੇ ਹਨ। ਉਹ ਜ਼ਿਆਦਾ ਦੇਰ ਤੱਕ ਜਿਉਂਦੇ ਹਨ, ਉਹਨਾਂ ਦੀ ਸਿਹਤ ਬਿਹਤਰ ਰਹਿੰਦੀ ਹੈ ਅਤੇ ਉਹ ਵਧੇਰੇ ਆਜ਼ਾਦੀ ਮਾਣਦੇ ਹਨ।



Presentation © BC Renal, December 2020

## *1.7 ਗੁਰਦਾ ਟ੍ਰਾਂਸਪਲਾਂਟ ਕਰਵਾਉਣ ਬਾਰੇ ਕਿਉਂ ਵਿਚਾਰ ਕਰਨਾ ਚਾਹੀਦਾ ਹੈ?*




**Notes:**

ਟ੍ਰਾਂਸਪਲਾਂਟ ਕੀਤੇ ਬਹੁਤੇ ਗੁਰਦੇ ਦਸ ਸਾਲ ਤੋਂ ਬਹੁਤ ਸਮੇਂ ਤੱਕ ਚੱਲਦੇ ਹਨ।



Presentation © BC Renal, December 2020

## *1.8 ਟ੍ਰਾਂਸਪਲਾਂਟ ਦੀਆਂ ਕਿਸਮਾਂ*




**Notes:**

ਗੁਰਦਾ ਦਾਨ ਕਰਨ ਵਾਲੀਆਂ ਦੀਆਂ ਦੋ ਕਿਸਮਾਂ ਹਨ... ਜਿਊਂਦੇ ਦਾਨੀ ਅਤੇ ਮ੍ਰਿਤਕ ਦਾਨੀ।



Presentation © BC Renal, December 2020

## *1.9 ਟ੍ਰਾਂਸਪਲਾਂਟ ਦੀਆਂ ਕਿਸਮਾਂ*




**Notes:**

ਜਿਉਂਦੇ ਦਾਨੀ ਦਾ ਮਤਲਬ ਸੁਣ ਕੇ ਹੀ ਪਤਾ ਲੱਗ ਜਾਂਦਾ ਹੈ। ਗੁਰਦਾ ਦਾਨ ਕਰਨ ਵਾਲਾ ਵਿਅਕਤੀ ਜ਼ਿੰਦਾ ਹੁੰਦਾ ਹੈ ਅਤੇ ਉਹ ਆਪਣਾ ਗੁਰਦਾ ਦਾਨ ਕਰਨ ਦੀ ਪੇਸ਼ਕਸ਼ ਕਰਦਾ ਹੈ। ਲੋਕ ਇੱਕ ਗੁਰਦੇ ਨਾਲ ਵੀ ਲੰਬੀ ਅਤੇ ਸਿਹਤਮੰਦ ਜ਼ਿੰਦਗੀ ਗੁਜਾਰ ਸਕਦੇ ਹਨ। ਆਪਣਾ ਗੁਰਦਾ ਦਾਨ ਕਰਨ ਦੀ ਪੇਸ਼ਕਸ਼ ਕਰਨ ਵਾਲੇ ਵਿਅਕਤੀ ਦੇ ਅਨੇਕਾਂ ਟੈਸਟ ਕੀਤੇ ਜਾਣਗੇ, ਤਾਂ ਕਿ ਇਹ ਪੱਕਾ ਕੀਤਾ ਜਾ ਸਕੇ ਕਿ ਉਹਨਾਂ ਦੀ ਸਿਹਤ ਠੀਕ ਹੈ, ਅਤੇ ਗੁਰਦਾ ਦਾਨ ਕਰਨਾ ਉਨ੍ਹਾਂ ਲਈ ਸੁਰੱਖਿਅਤ ਹੈ।


Presentation © BC Renal, December 2020

## *1.10 ਟ੍ਰਾਂਸਪਲਾਂਟ ਦੀਆਂ ਕਿਸਮਾਂ*




**Notes:**

ਮ੍ਰਿਤਕ ਦਾਨੀ ਬਾਰੇ ਮਾਮਲੇ ਵਿੱਚ, ਅਜਿਹੇ ਵਿਅਕਤੀ ਦਾ ਗੁਰਦਾ ਲਿਆ ਜਾਂਦਾ ਹੈ ਜਿਸ ਦੀ ਮੌਤ ਹੋ ਚੁਕੀ ਹੁੰਦੀ ਹੈ - ਅਤੇ ਜਿਸਨੇ ਮਰਨ ਤੋਂ ਪਹਿਲਾਂ ਆਪਣਾ ਗੁਰਦਾ ਦਾਨ ਕਰਨ ਲਈ ਸਹਿਮਤਤੀ ਦਿੱਤੀ ਸੀ।


Presentation © BC Renal, December 2020

## *1.11 ਟ੍ਰਾਂਸਪਲਾਂਟ ਦੀਆਂ ਕਿਸਮਾਂ*




**Notes:**

ਬੀ.ਸੀ. ਟ੍ਰਾਂਸਪਲਾਂਟ ਉਹ ਏਜੰਸੀ ਹੈ ਜੋ ਬੀ.ਸੀ. ਵਿੱਚ ਗੁਰਦਿਆਂ ਦੀ ਸਾਰੇ ਟ੍ਰਾਂਸਪਲਾਂਟ੍ਸ ਦਾ ਪ੍ਰਬੰਧ ਕਰਦੀ ਹੈ ਅਤੇ ਟ੍ਰਾਂਸਪਲਾਂਟ ਕੀਤੇ ਜਾਣ ਤੋਂ ਪਹਿਲਾਂ ਇਹ ਪੱਕਾ ਕਰਦੀ ਹੈ ਕਿ ਦਾਨ ਕੀਤਾ ਹਰ ਗੁਰਦਾ ਸਿਹਤਮੰਦ ਹੈ।

## *1.12 ਮ੍ਰਿਤਕ ਦਾਨੀ ਦੇ ਮੁਕਾਬਲੇ ਜਿਊਂਦੇ ਦਾਨੀ ਦੇ ਫਾਇਦੇ*




**Notes:**

ਮ੍ਰਿਤਕ ਦਾਨੀ ਦੇ ਮੁਕਾਬਲੇ ਜਿਊਂਦੇ ਦਾਨੀ ਤੋਂ ਮਿਲਿਆ ਗੁਰਦਾ ਟ੍ਰਾਂਸਪਲਾਂਟ ਕਰਵਾਉਣ ਦੇ ਅਨੇਕਾਂ ਫਾਇਦੇ ਹਨ।

ਜਿਊਂਦੇ ਦਾਨੀ ਤੋਂ ਲੈਕੇ ਟ੍ਰਾਂਸਪਲਾਂਟ ਕੀਤਾ ਗੁਰਦਾ:

- ਗੁਰਦਾ ਜ਼ਿਆਦਾ ਹੰਢਣਸਾਰ ਹੁੰਦਾਦੇਰ ਤੱਕ ਚੱਲਦਾ ਹੈ
- ਸਰੀਰ ਵੱਲੋਂ ਉਹ ਗੁਰਦਾ ਨਕਾਰੇ ਜਾਣ ਦੇ ਅਸਾਰ ਘੱਟ ਹੁੰਦੇ ਹਨ
- ਸਮੁੱਚੇ ਤੌਰ 'ਤੇ ਸਿਹਤ ਬਿਹਤਰ ਰਹਿੰਦੀ ਹੈ
- ਗੁਰਦੇ ਫੇਲ੍ਹ ਹੋਣ ਤੋਂ ਪਹਿਲਾਂ ਹੀ ਟ੍ਰਾਂਸਪਲਾਂਟ ਕੀਤਾ ਜਾ ਸਕਦਾ ਹੈ।



Presentation © BC Renal, December 2020

## *1.13 ਮ੍ਰਿਤਕ ਦਾਨੀ ਦੇ ਮੁਕਾਬਲੇ ਜਿਉਂਦੇ ਦਾਨੀ ਦੇ ਫਾਇਦੇ*





**Notes:**

ਮ੍ਰਿਤਕ ਦਾਨੀ ਤੋਂ ਮਿਲਿਆ ਗੁਰਦਾ ਹਾਸਿਲ ਕਰਨ ਵਾਸਤੇ ਇੰਤਜ਼ਾਰ ਸੂਚੀ ਉਪਰ ਜਾਣ ਲਈ ਤੁਹਾਡਾ ਡਾਇਐਲਾਸਿਸ 'ਤੇ ਹੋਣਾ ਲਾਜ਼ਮੀ ਹੁੰਦਾ ਹੈ।

ਜਿਊਂਦਾ ਦਾਨੀਆਂ ਅਤੇ ਤੁਹਾਡੀ ਮਦਦ ਲਈ ਉਪਲਬਧ ਵਸੀਲੇ ਲੱਭਣ ਲਈ ਆਪਣੀ ਗੁਰਦਾ ਦੇਖਭਾਲ ਟੀਮ ਨਾਲ ਗੱਲ ਕਰੋ।

## *1.14 ਤਰੀਕਾ– ਜਿਊਂਦਾ ਦਾਨੀ ਬਨਾਮ ਮ੍ਰਿਤਕ ਦਾਨੀ*





**Notes:**

ਇਸ ਸਲਾਈਡ ਵਿੱਚ ਜਿਊਂਦੇ ਦਾਨੀਆਂ ਤੇ ਮ੍ਰਿਤਕ ਦਾਨੀ ਤੋਂ ਮਿਲੀਆ ਗੁਰਦਾ ਟ੍ਰਾਂਸਪਲਾਂਟ ਕਰਨ ਵਿੱਚ ਸ਼ਾਮਲ ਕਦਮਾਂ ਦੀ ਤੁਲਨਾ ਕੀਤੀ ਗਈ ਹੈ। ਜਿਵੇਂ ਕਿ ਤੁਸੀਂ ਦੇਖ ਸਕਦੇ ਹੋ, ਜਿਊਂਦੇ ਦਾਨੀ ਨਾਲ ਸਾਰੀ ਕਾਰਵਾਈ ਬਹੁਤ ਸੌਖਾਖੀ ਅਤੇ ਤੇਜ਼ ਹੈ।



Presentation © BC Renal, December 2020

## *1.15 ਤਰੀਕਾ– ਜਿਊਂਦਾ ਦਾਨੀ ਬਨਾਮ ਮ੍ਰਿਤਕ ਦਾਨੀ*




**Notes:**

ਕਿਸੇ ਜਿਊਂਦੇ ਦਾਨੀ ਨਾਲਸੰਬੰਧੀ ਪ੍ਰਕਿਰਿਆ ਵਿੱਚ ਹੇਠ ਲਿਖੇ ਕਦਮ ਸ਼ਾਮਲ ਹਨ:

ਗੁਰਦੇ ਫੇਲ੍ਹ ਹੋਣ ਦੀ ਪਛਾਣ ਕਰਨੀ


ਗੁਰਦੇ ਦਾ ਨਿਰੰਤਰ ਵਧ ਰਹੀਆਂ ਰੋਗ

ਦਾਨੀ ਅਤੇ ਗੁਰਦਾ ਹਾਸਿਲ ਕਰਨ ਵਾਲੇ ਵਿਅਕਤੀ ਦੀ ਸਿਹਤ ਦਾ ਜਾਇਜ਼ਾ ਲੈਣਾ

ਟ੍ਰਾਂਸਪਲਾਂਟ ਸਰਜਰੀ

ਅਤੇ ਫਾਲੋ-ਅੱਪ ਦੇਖਭਾਲ

## *1.16 ਤਰੀਕਾ– ਜਿਊਂਦਾ ਦਾਨੀ ਬਨਾਮ ਮ੍ਰਿਤਕ ਦਾਨੀ*




**Notes:**

ਮ੍ਰਿਤਕ ਦਾਨੀ ਸਬੰਧੀ ਪ੍ਰਕਿਰਿਆ ਵਿੱਚ ਹੇਠ ਲਿਖੇ ਕਦਮ ਸ਼ਾਮਲ ਹਨ

ਗੁਰਦੇ ਫੇਲ੍ਹ ਹੋਣ ਦੀ ਪਛਾਣ ਕਰਨੀ
ਗੁਰਦੇ ਦਾ ਨਿਰੰਤਰ ਵਧ ਰਹੀਆਂ ਰੋਗ
ਨਾੜ ਰਾਹੀਂ ਪਹੁੰਚ ਤਿਆਰ ਕੀਤੀ ਜਾਂਦੀ ਹੈ
ਡਾਇਐਲਾਸਿਸ ਸ਼ੁਰੂ ਕੀਤਾ ਜਾਂਦਾ ਹੈ
ਇੱਕ ਅਣ-ਨਿਰਧਾਰਤ ਉਡੀਕਇੰਤਜ਼ਾਰ ਸਮਾਂ ਦਾ ਅੰਦਾਜ਼ਾ
ਟ੍ਰਾਂਸਪਲਾਂਟ ਸਰਜਰੀ
ਅਤੇ ਫਾਲੋ-ਅੱਪ ਦੇਖਭਾਲ



Presentation © BC Renal, December 2020

## *1.17 ਕੀ ਮੈਂ ਟ੍ਰਾਂਸਪਲਾਂਟ ਦੇ ਯੋਗ ਹਾਂ?*

### ਕੀ ਮੈਂ ਟ੍ਰਾਂਸਪਲਾਂਟ ਲਈ ਯੋਗ ਹਾਂ?



ਆਮ ਤੌਰ 'ਤੇ ਐਂਟੀ-ਰੀਜੈਕਸ਼ਨ ਦਵਾਈਆਂ ਤੁਹਾਨੂੰ ਮੁਫ਼ਤ ਦਿੱਤੀਆਂ ਜਾਂਦੀਆਂ ਹਨ ਅਤੇ ਸਰੀਰ ਇਨ੍ਹਾਂ ਨੂੰ ਠੀਕ ਤਰ੍ਹਾਂ ਬਰਦਾਸ਼ਤ ਕਰ ਲੈਂਦਾ ਹੈ

**Notes:**

ਗੁਰਦੇ ਦੇ ਟ੍ਰਾਂਸਪਲਾਂਟ ਲਈ ਗੁੰਝਲਦਾਰ ਸਰਜਰੀ ਦੀ ਲੋੜ ਪੈਂਦੀ ਹੈ ਅਤੇ ਸਰਜਰੀ ਤੋਂ ਬਾਅਦ ਵੀ ਤੁਹਾਨੂ ਆਪਣੀ ਸਾਰੀ ਜ਼ਿੰਦਗੀ ਐਂਟੀ-ਰੀਜੈਕਸ਼ਨ ਦਵਾਈਆਂ ਯਾਨੀ ਕਿ ਤੁਹਾਡੇ ਸਰੀਰ ਵੱਲੋਂ ਨਵਾਂ ਗੁਰਦਾ ਨਕਾਰੇ ਜਾਣ ਤੋਂ ਬਚਾਅ ਕਰਨ ਵਾਲੀਆਂ ਦਵਾਈਆਂ ਲੈਣ ਦੀ ਲੋੜ ਪੈਂਦੀ ਹੈ।

ਤੁਹਾਡਾ ਗੁਰਦਾ ਟ੍ਰਾਂਸਪਲਾਂਟ ਕੀਤੇ ਜਾਣ ਤੋਂ ਪਹਿਲਾਂ, ਤੁਹਾਡੀ ਟੀਮ ਵੱਲੋਂ ਇਹ ਪੱਕਾ ਕੀਤਾ ਜਾਵੇਗਾ ਕਿ ਕੀ ਟ੍ਰਾਂਸਪਲਾਂਟ ਤੁਹਾਡੇ ਲਈ ਮੁਨਾਸਿਬ ਚੋਣ ਹੈ।



Presentation © BC Renal, December 2020

## *1.18 ਕੀ ਮੈਂ ਟ੍ਰਾਂਸਪਲਾਂਟ ਦੇ ਯੋਗ ਹਾਂ?*





**Notes:**

ਟ੍ਰਾਂਸਪਲਾਂਟ ਲਈ ਤੁਹਾਡਾ ਮੁਲਾਂਕਣ ਕਰਨ ਸਮੇਤ, ਤੁਹਾਡੀ ਗੁਰਦਾ ਦੇਖਭਾਲ ਟੀਮ ਇਨ੍ਹਾਂ ਚੀਜ਼ਾਂ ਬਾਰੇ ਵਿਚਾਰ ਕਰੇਗੀ:

- ਟ੍ਰਾਂਸਪਲਾਂਟ ਸਰਜਰੀ ਅਤੇ ਫਾਲੋ-ਅੱਪ ਦੇਖਭਾਲ ਦਾ ਤੁਹਾਡੇ ਉਪਰ ਅਸਰ
- ਤੁਹਾਡੀ ਟ੍ਰਾਂਸਪਲਾਂਟ ਦੀ ਕਾਮਯਾਬੀ ਵਿੱਚ ਰੁਕਾਵਟ ਡਾਲ ਸਕਣ ਵਾਲੀਆਂ ਕੋਈ ਵੀ ਮੈਡੀਕਲ ਸਮੱਸਿਆਵਾਂ
- ਅਤੇ ਟ੍ਰਾਂਸਪਲਾਂਟ ਤੋਂ ਬਾਅਦ ਸਿਹਤਮੰਦ ਰਹਿਣ ਵਾਸਤੇ ਤੁਹਾਡੇ ਕੋਲ ਮੌਜੂਦ ਸਹਾਰੇ


Presentation © BC Renal, December 2020

## *1.19 ਕੀ ਮੈਂ ਟ੍ਰਾਂਸਪਲਾਂਟ ਦੇ ਯੋਗ ਹਾਂ?*




**Notes:**

ਗੁਰਦੇ ਦੇ ਟ੍ਰਾਂਸਪਲਾਂਟ ਤੋਂ ਬਾਅਦ ਪੈਦਾ ਹੋਣ ਵਾਲੀਆਂ ਕੁਝ ਮੁਸ਼ਕਿਲਾਂ ਬਾਰੇ ਆਪਣੇ ਸੋਸ਼ਲ ਵਰਕਰ ਨਾਲ ਗੱਲ ਕਰਨਾ ਵੀ ਕਈ ਮਰੀਜ਼ਾਂ ਲਈ ਮਦਦਗਾਰ ਹੋ ਸਕਦਾ ਹੈ।

## *1.20 ਟ੍ਰਾਂਸਪਲਾਂਟ ਕੀਤਾ ਜਾ ਸਕਦਾ ਹੈ... ਅੱਗੇ ਕੀ?*




**Notes:**

ਜੇ ਤੁਸੀਂ ਟ੍ਰਾਂਸਪਲਾਂਟ ਦੇ ਯੋਗ ਹੋਏ, ਤਾਂ ਤੁਹਾਨੂੰ ਵੈਨਕੂਵਰ ਵਿੱਚ ਟ੍ਰਾਂਸਪਲਾਂਟ ਟੀਮ ਕੋਲ ਭੇਜਿਆ ਜਾਵੇਗਾ।

ਤੁਹਾਡੀ ਸਥਾਨਕ ਗੁਰਦਾ ਦੇਖਭਾਲ ਟੀਮ ਨਾਲ ਰਲ ਕੇ ਕੰਮ ਕਰਦੀਆਂ ਤੁਹਾਡੀ ਟ੍ਰਾਂਸਪਲਾਂਟ ਟੀਮ, ਇਹ ਪੱਕਾ ਕਰਨ ਲਈ ਹੋਰ ਟੈਸਟ ਕਰੇਗੀ ਕਿ ਕੀ ਟ੍ਰਾਂਸਪਲਾਂਟ ਤੁਹਾਡੇ ਲਈ ਸਹੀ ਚੋਣ ਹੈ।

## *1.21 ਮੇਰਾ ਟ੍ਰਾਂਸਪਲਾਂਟ ਕੀਤਾ ਜਾਣਾ ਮੁਨਾਸਬ ਰਹੇਗਾ... ਹੁਣ ਕੀ?*




**Notes:**

ਜੇ ਇਨ੍ਹਾਂ ਟੈਸਟਾਂ ਤੋਂ ਇਹ ਪੱਕਾ ਹੁੰਦਾ ਹੈ ਕਿ ਟ੍ਰਾਂਸਪਲਾਂਟ ਕੀਤਾ ਜਾਣਾ ਤੁਹਾਡੇ ਲਈ ਮੁਨਾਸਿਬ ਹੈ, ਤਾਂ ਅਗਲਾ ਸਵਾਲ ਇਹ ਹੈ ਕਿ ਟ੍ਰਾਂਸਪਲਾਂਟ ਲਈ ਗੁਰਦਾ ਕਿੱਥੋਂ ਆਵੇਗਾ: ਜਿਊਂਦੇ ਦਾਨੀ ਤੋਂ ਜਾਂ ਮ੍ਰਿਤਕ ਦਾਨੀ ਤੋਂ।


ਜੇ ਤੁਹਾਡੇ ਕੋਲ ਜਿਊਂਦਾ ਦਾਨੀ ਹੈ, ਤਾਂ ਤੁਹਾਡੀ ਟ੍ਰਾਂਸਪਲਾਂਟ ਸਰਜਰੀ ਉਦੋਂ ਹੀ ਕੀਤੀ ਜਾਵੇਗੀ ਜਦੋਂ ਤੁਹਾਡੇ ਗੁਰਦੇ ਫੇਲ੍ਹ ਹੋਣੇ ਸ਼ੁਰੂ ਹੋ ਜਾਣਗੇ।

ਜੇ ਤੁਹਾਡੇ ਕੋਲ ਜਿਊਂਦਾ ਦਾਨੀ ਨਹੀਂ ਹੈ, ਤਾਂ ਤੁਹਾਡਾ ਨਾਮ ਮ੍ਰਿਤਕ ਦਾਨੀਆਂ ਵਾਲੇ ਇੰਤਜ਼ਾਰ ਸੂਚੀ ਵਿੱਚ ਸ਼ਾਮਲ ਕਰ ਲਿਆ ਜਾਵੇਗਾ।



Presentation © BC Renal, December 2020

## *1.22 ਸਰਜਰੀ ਵਿੱਚ ਕੀ ਕੁਝ ਸ਼ਾਮਲ ਹੁੰਦਾ ਹੈ?*




**Notes:**

ਕਈ ਲੋਕਾਂ ਨੂੰ ਇਹ ਜਾਣ ਕੇ ਹੈਰਾਨੀ ਹੁੰਦੀ ਹੈ ਕਿ ਜਦੋਂ ਉਹਨਾਂ ਨੂੰ ਨਵਾਂ ਗੁਰਦਾ ਦਿੱਤਾ ਜਾਂਦਾ ਹੈ ਉਦੋਂ ਉਹਨਾਂ ਦੇ ਆਪਣੇ ਗੁਰਦੇ ਉਹਨਾਂ ਦੇ ਸਰੀਰ ਅੰਦਰ ਹੀ ਰਹਿਣ ਦਿੱਤੇ ਜਾਂਦੇ ਹਨ।

ਗੁਰਦਾ ਟ੍ਰਾਂਸਪਲਾਂਟ ਕਰਨ ਲਈ ਸਰਜਰੀ ਵਿੱਚ ਪੰਜ ਘੰਟੇ ਤੱਕ ਦਾ ਸਮਾਂ ਲੱਗ ਸਕਦਾ ਹੈ, ਅਤੇ ਸਰਜਰੀ ਤੋਂ ਬਾਅਦ ਸੰਭਲਣ ਲਈ ਤੁਹਾਨੂੰ ਹਸਪਤਾਲ ਵਿੱਚ ਲਗਭਗ ਇੱਕ ਹਫ਼ਤਾ ਰਹਿਣਾ ਪਵੇਗਾ।

## *1.23 ਸਰਜਰੀ ਤੋਂ ਬਾਅਦ ਕੀ ਹੁੰਦਾ ਹੈ?*




**Notes:**

ਆਪਣੇ ਸਰਜਰੀ ਤੋਂ ਬਾਅਦ ਪਹਿਲੇ ਮਹੀਨੇ ਦੌਰਾਨ ਤੁਹਾਨੂੰ ਟ੍ਰਾਂਸਪਲਾਂਟ ਸੈਂਟਰ ਵਿਖੇ ਬਕਾਇਦਾ ਆਉਣਾ ਪਵੇਗਾ, ਅਤੇ ਸਮਾਂ ਬਿਤਨ ਦੇ ਨਾਲ, ਤੁਹਾਨੂੰ ਇੱਥੇ ਘੱਟ ਜਾਣਾ ਪਵੇਗਾ।

Presentation © BC Renal, December 2020

## *1.24 ਸਰਜਰੀ ਤੋਂ ਬਾਅਦ ਕੀ ਹੁੰਦਾ ਹੈ?*





**Notes:**

ਜਿਹੜੇ ਮਰੀਜ਼ ਵੈਨਕੂਵਰ ਤੋਂ ਬਾਹਰ ਰਹਿੰਦੇ ਹਨ ਉਹਨਾਂ ਨੂੰ ਆਪਣੇ ਆਪਰੇਸ਼ਨ ਤੋਂ ਬਾਅਦ ਤਿੰਨ ਮਹੀਨੇ ਤੱਕ ਵੈਨਕੂਵਰ ਵਿੱਚ ਠਹਿਰਨ ਦੀ ਰਿਹਾਇਸ਼ ਲੱਭਣੀ ਪਵੇਗੀ।

ਜਦੋਂ ਤੁਸੀਂ ਘਰ ਜਾਣ ਲਈ ਤਿਆਰ ਹੋਵੋਂਗੇ, ਤਾਂ ਟ੍ਰਾਂਸਪਲਾਂਟ ਟੀਮ ਤੁਹਾਡੇ ਘਰ ਦੇ ਨਜ਼ਦੀਕ ਤੁਹਾਡੀ ਫਾਲੋ-ਅੱਪ ਦੇਖਭਾਲ ਦਾ ਇੰਤਜਾਮ ਕਰੇਗੀ।


Presentation © BC Renal, December 2020

## *1.25 ਮੈਂ ਜਿਊਂਦਾ ਦਾਨੀ ਕਿਵੇਂ ਲੱਭਾਂ?*



**Notes:**

ਆਪਣੇ ਗੁਰਦੇ ਦੇ ਟ੍ਰਾਂਸਪਲਾਂਟ ਲਈ ਤੁਹਾਡੇ ਕੋਲ ਜਿਊਂਦਾ ਦਾਨੀ ਹੋਣਾ ਫਾਇਦੇਮੰਦ ਹੈ, ਪਰ ਜਿਊਂਦਾ ਦਾਨੀ ਲੱਭਣਾ ਔਖਾ ਲੱਗ ਸਕਦਾ ਹੈ ਅਤੇ ਤੁਹਾਡੇ ਮਨ ਵਿੱਚ ਕਈ ਉਲਟ ਅਹਿਸਾਸ ਆ ਸਕਦੇ ਹਨ।

ਕੁਝ ਲੋਕਾਂ ਨੂੰ ਸੰਭਾਵੀ ਦਾਨੀ ਦੀ ਪਛਾਣ ਕਰਨ ਵਿੱਚ ਉਲਝਣ ਹੋ ਸਕਦੀ ਹੈ, ਜਾਂ ਦੂਜੀਆਂ ਨੂੰ ਪੁੱਛਣ ਤੋਂ ਝਿਜਕ ਸਕਦੇ ਹਨ।

ਕਈਆਂ ਨੂੰ ਇਹ ਸਮਝ ਨਹੀਂ ਆਉਂਦੀ ਕਿ ਇਸ ਲਈ ਅੱਗੇ ਕਿਵੇਂ ਵਧਿਆ ਜਾਵੇ।

ਕਈਆਂ ਨੂੰ ਨਾਮੋਸ਼ੀ ਹੁੰਦੀ ਹੈ ਕਿ ਕਿਸੇ ਨੇ ਵੀ ਉਹਨਾਂ ਵਾਸਤੇ ਆਪਣੀ ਗੁਰਦਾ ਦਾਨ ਕਰਨ ਦੀ ਪੇਸ਼ਕਸ਼ ਨਹੀਂ ਕੀਤੀ ਹੈ।

ਕਈ ਜਨੇ ਗੁਰਦਾ ਦਾਨ ਕਰਨ ਵਾਲੇ ਵਿਅਕਤੀ ਉਪਰ ਪੈਣ ਵਾਲਾ ਪ੍ਰਭਾਵ ਅਤੇ ਉਸ ਵਿਅਕਤੀ ਦੀ ਸਿਹਤ ਦੇ ਭਵਿੱਖ ਨੂੰ ਲੈਕੇ ਚਿੰਤਤ ਹੁੰਦੇ ਹਨ।

ਕਈ ਜਨੇ ਗੁਰਦਾ ਦਾਨ ਕਰਨ ਵਾਲੇ ਵਿਅਕਤੀ ਦੇ ਅਹਿਸਾਨ ਹੇਠ ਦੱਬੇ ਜਾਣ ਜਾਨ ਦਾਨੀ ਨਾਲ ਆਪਣੇ ਸਬੰਧ ਨੂੰ ਲੈਕੇ ਫਿਕਰਮੰਦ ਹੁੰਦੇ ਹਨ।

## *1.26 ਮੈਂ ਜਿਊਂਦਾ ਦਾਨੀ ਕਿਵੇਂ ਲੱਭਾਂ?*




**Notes:**

ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਤੁਸੀਂ ਇਕੱਲੇ ਨਹੀਂ ਹੋ। ਤੁਹਾਡੀ ਗੁਰਦਾ ਦੇਖਭਾਲ ਟੀਮ ਜਿਊਂਦਾ ਦਾਨੀ ਲੱਭਣ ਅਤੇ ਗੁਰਦਾ ਟ੍ਰਾਂਸਪਲਾਂਟ ਕੀਤੇ ਜਾਣ 'ਤੇ ਤੁਹਾਡੇ ਤਜ਼ਰਬੇ ਨੂੰ ਕਾਮਯਾਬ ਬਣਾਉਣ ਵਾਸਤੇ ਜਾਣਕਾਰੀ ਅਤੇ ਵਸੀਲੇ ਪ੍ਰਦਾਨ ਕਰਕੇ ਤੁਹਾਨੂੰ ਸਹਾਰਾ ਦੇਣ ਵਾਸਤੇ ਮੌਜੂਦ ਹੈ।

## *1.27 ਮੈਂ ਜਿਊਂਦਾ ਦਾਨੀ ਕਿਵੇਂ ਲੱਭਾਂ?*




**Notes:**

ਜਿਊਂਦਾ ਦਾਨੀ ਲੱਭਣ ਦਾ ਕਾਰਜ ਪਹਿਲਾਂ ਆਪਣੇ ਕਰੀਬੀ ਵਿਅਕਤੀਆਂ ਬਾਰੇ ਸੋਚਣ ਤੋਂ ਸ਼ੁਰੂ ਹੁੰਦਾ ਹੈ, ਤੁਹਾਡਾ ਪਰਿਵਾਰ, ਤੁਹਾਡੇ ਦੋਸਤ ਅਤੇ ਗੁਆਂਢੀ।


Presentation © BC Renal, December 2020

## *1.28 ਮੈਂ ਜਿਊਂਦਾ ਦਾਨੀ ਕਿਵੇਂ ਲੱਭਾਂ?*





**Notes:**

ਦਾਨੀਆਂ ਨਾਲ ਤੁਹਾਡਾ ਖੂਨ ਦਾ ਰਿਸ਼ਤਾ ਹੋਣਾ ਲਾਜਿਮੀ ਨਹੀਂ ਹੈ। ਇੱਥੋਂ ਤੱਕ ਕਿ ਉਹਨਾਂ ਦੀ ਅਤੇ ਤੁਹਾਡੇ ਖੂਨ ਦੀ ਇੱਕੋ ਕਿਸਮ ਹੋਣੀ ਵੀ ਜ਼ਰੂਰੀ ਨਹੀਂ ਹੈ।

ਅਤੇ ਤੁਹਾਡੇ ਲਈ ਬੀ.ਸੀ.ਵਿੱਚ ਹੀ ਕਿਸੇ ਨੂੰ ਲੱਭਣਾ ਜ਼ਰੂਰੀ ਨਹੀਂ ਹੈ। ਤੁਹਾਡਾ ਦਾਨੀ ਕੈਨੇਡਾ ਵਿੱਚ ਕਿਤੇ ਵੀ ਰਹਿੰਦਾ ਹੋ ਸਕਦਾ ਹੈ।


Presentation © BC Renal, December 2020

## *1.29 ਮੈਂ ਜਿਊਂਦਾ ਦਾਨੀ ਕਿਵੇਂ ਲੱਭਾਂ?*




**Notes:**

ਜਿਊਂਦਾ ਦਾਨੀ ਲੱਭਣ ਲਈ ਗੱਲਬਾਤ ਦਾ ਹਰ ਜਰਿਆ ਇਸਤੇਮਾਲ ਕਰਨਾ ਸਹਾਇਕ ਹੁੰਦਾ ਹੈ, ਜਿਸ ਵਿੱਚ ਸ਼ਾਮਲ ਹੈ:

- ਲੋਕਾਂ ਨਾਲ ਗੱਲਬਾਤ ਕਰਨੀ
- ਚਿੱਠੀਆਂ ਜਾਂ ਈਮੇਲਾਂ ਲਿਖਣੀਆਂ
- ਸੋਸ਼ਲ ਮੀਡੀਆ ਦੀ ਵਰਤੋਂ ਕਰਨੀ
- ਅਤੇ ਆਪਣੀ ਗੱਲ ਲੋਕਾਂ ਤੱਕ ਪਹੁੰਚਾਉਣ ਲਈ ਮਦਦ ਕਰਨ ਵਾਸਤੇ ਆਪਣੇ ਦੋਸਤਾਂ ਦੀ ਜ਼ਿੰਮੇਵਾਰੀ ਲਗਾਉਣੀ

## *1.30 ਜਿਊਂਦਾ ਦਾਨ: ਪ੍ਰਕਿਰਿਆ*




**Notes:**

ਜਿਊਂਦਾ ਦਾਨੀ ਬਣਨ ਦਾ ਵਿਚਾਰ ਕਰਨ ਬਾਰੇ ਵਿਅਕਤੀ ਲਈ, ਇਹ ਜਾਣਨਾ ਜ਼ਰੂਰੀ ਹੈ:

- ਗੁਰਦਾ ਦਾਨ ਕਰਨ ਦਾ ਫੈਸਲਾ ਲੈਣ ਤੋਂ ਪਹਿਲਾਂ ਉਹਨਾਂ ਨੂੰ ਉਹ ਸਾਰੀ ਜਾਨਕਾਰੀ ਦਿੱਤੀ ਜਾਵੇਗੀ ਜੋਜਿਹੜੀ ਉਹ ਚਾਹੁੰਦੇ ਹਨ
- ਉਹਨਾਂ ਦੀ ਧਿਆਨਪੂਰਵਕ ਜਾਂਚ ਕੀਤੀ ਜਾਵੇਗੀ ਤਾਂ ਕਿ ਇਹ ਪੱਕਾ ਕੀਤਾ ਜਾ ਸਕੇ ਕਿ ਉਹ ਗੁਰਦਾ ਦਾਨ ਕਰਨ ਲਈ ਮੈਡੀਕਲ ਪਖੋਂ ਠੀਕ ਠਾਕ ਹਨ
- ਉਹ ਸਿਰਫ਼ ਇੱਕ ਗੁਰਦੇ ਨਾਲ ਵੀਹੀ ਆਮ ਅਤੇ ਸਿਹਤਮੰਦ ਜ਼ਿੰਦਗੀ ਬਤੀਤ ਕਰ ਸਕਦੇ ਹਨ


Presentation © BC Renal, December 2020

## *1.31 ਜਿਊਂਦਾ ਦਾਨ: ਪ੍ਰਕਿਰਿਆ*




**Notes:**

ਇਹ ਸਮਝਣਾ ਮਹੱਤਵਪੂਰਨ ਹੈ ਕਿ ਗੁਰਦਾ ਦਾਨ ਕਰਨ ਬਾਰੇ ਕਾਰਵਾਈ ਦੀ ਸ਼ੁਰੂਆਤ ਜਿਉਂਦੇ ਦਾਨੀ ਵੱਲੋਂ ਹੋਣੀ ਚਾਹੀਦੀ ਹੈ।

ਵੈਨਕੂਵਰ ਜਨਰਲ ਹੌਸਪਿਟਲ ਜਾਂ ਸੇਂਟ ਪੌਲ'ਜ਼ ਹੌਸਪਿਟਲ ਵਿਖੇ ਲਿਵਿੰਗ ਡੋਨਰ ਟੀਮ ਨਾਲ ਦਾਨੀ ਦਾ ਸੰਪਰਕ ਕਰਵਾਕੇ ਇਸ ਦੀ ਸ਼ੁਰੂਆਤ ਹੁੰਦੀ ਹੈ ਤਾਂ ਕਿ ਜਾਂਚ ਦੀ ਪ੍ਰਕ੍ਰਿਆ ਵਾਸਤੇ ਉਨ੍ਹਾਂ ਦਾ ਨਾਮ ਰਜਿਸਟਰ ਕੀਤਾ ਜਾ ਸਕੇ।

ਜੇ ਤੁਹਾਡੇ ਦਾਨੀ ਦਾ ਗੁਰਦਾ ਤੁਹਾਡੇ ਨਾਲ ਮੇਲ ਨਹੀਂ ਖਾਂਦਾ, ਉਹ ਫਿਰ ਵੀ ਨੈਸ਼ਨਲ ਪ੍ਰੋਗਰਾਮ ਰਾਹੀਂ ਆਪਣਾ ਗੁਰਦਾ ਦਾਨ ਕਰ ਸਕਦੇ ਹਨ ਅਤੇ ਉਨ੍ਹਾਂ ਦਾ ਗੁਰਦਾ ਮੇਲ ਖਾਂਦੇ ਕਿਸੇ ਹੋਰ ਵਿਅਕਤੀ ਨੂੰ ਦਾਨ ਕੀਤਾ ਜਾਵੇਗਾ।

## *1.32 ਜਿਉਂਦਾ ਦਾਨ ਸਰਜਰੀ*

### ਜਿਉਂਦਾ ਦਾਨ ਸਰਜਰੀ

ਦਾਨੀ ਦੀ ਸਰਜਰੀ

**! ਬਾਹਰਲੇ ਸ਼ਹਿਰਾਂ ਤੋਂ ਆਏ ਦਾਨੀਆਂ ਨੂੰ ਵੈਨਕੂਵਰ ਵਿੱਚ ਇੱਕ ਹਫ਼ਤਾ ਰੁਕਣਾ ਪੈ ਸਕਦਾ ਹੈ**

- ਉਸੇ ਦਿਨ
- ਐਡਵਾਂਸ ਵਿੱਚ ਬੁੱਕ ਕੀਤੀ ਜਾਂਦੀ ਹੈ
- ਹਸਪਤਾਲ ਵਿੱਚ 4 ਰਾਤਾਂ ਤੱਕ



**Notes:**


ਦਾਨੀ ਦੀ ਸਰੀਰ ਵਿੱਚੋਂ ਗੁਰਦਾ ਕੱਢਣ ਵਾਲੀ ਸਰਜਰੀ ਅਤੇ ਮਰੀਜ਼ ਦੇ ਸਰੀਰ ਵਿੱਚ ਗੁਰਦਾ ਪਾਉਣ ਵਾਲੀ ਸਰਜਰੀ ਇੱਕੋ ਦਿਨ ਕੀਤੀ ਜਾਂਦੀ ਹੈ।

ਇਹਨਾਂ ਸਰਜਰੀਆਂ ਦਾ ਵੈਨਕੁਵਰ ਵਿੱਚ ਅਗਾਊਂ ਇੰਤਜਾਮ ਕੀਤਾ ਜਾਂਦਾ ਹੈ। ਆਪਰੇਸ਼ਨ ਤੋਂ ਬਾਅਦ, ਗੁਰਦਾ ਦਾਨ ਕਰਨ ਵਾਲਾ ਵਿਅਕਤੀ ਚਾਰ ਰਾਤਾਂ ਤੱਕ ਹਸਪਤਾਲ ਵਿੱਚ ਗੁਜਾਰੇਗਾ।



Presentation © BC Renal, December 2020

## *1.33 ਜਿਊਂਦਾ ਦਾਨ: ਸਰਜਰੀ*





**Notes:**

ਬਹੁਤੇ ਦਾਨੀ ਸਰਜਰੀ ਤੋਂ ਬਾਅਦ ਦੋ ਹਫ਼ਤੇ ਦੇ ਅੰਦਰ ਅੰਦਰ ਮਾਮੂਲੀ ਗਤਿਵਿਧੀਆਂ ਸ਼ੁਰੂ ਕਰ ਸਕਦੇ ਹਨ ਅਤੇ ਮਹੀਨੇ ਇੱਕ ਬਾਅਦ ਹਲਕਾ ਕੰਮਕਾਜ ਸ਼ੁਰੂ ਕਰ ਸਕਦੇ ਹਨ। ਪੂਰੀ ਤਰ੍ਹਾਂ ਕੰਮਕਾਜ ਕਰਨ ਦੇ ਯੋਗ ਹੋਣ ਲਈ ਉਹਨਾਂ ਨੂੰ ਛੇ ਤੋਂ ਬਾਰਾਂ ਹਫ਼ਤੇ ਤੱਕ ਇੰਤਜਾਰ ਕਰਨਾ ਪੈਂਦਾ ਹੈ।


Presentation © BC Renal, December 2020

## *1.34 ਜਿਊਂਦਾ ਦਾਨ*




**Notes:**

ਟ੍ਰਾਂਸਪਲਾਂਟ ਦੀ ਲੋੜ ਪੈਣ ਤੋਂ ਕਾਫ਼ੀ ਪਹਿਲਾਂ ਆਪਣਾ ਜਿਊਂਦਾ ਦਾਨੀ ਲੱਭਣਾ ਸਭ ਤੋਂ ਵਧੀਆ ਰਹਿੰਦਾ ਹੈ ਕਿਉਂਕਿ ਇਸ ਨਾਲ ਤਿਆਰੀ ਕਰਨ ਅਤੇ ਆਪਣੀ ਜ਼ਿੰਦਗੀ ਨੂੰ ਵਿਵਸਥਿਤ ਕਰਨ ਵਾਸਤੇ ਸਮਾਂ ਮਿਲ ਜਾਂਦਾ ਹੈ।

ਟ੍ਰਾਂਸਪਲਾਂਟ ਦੇ ਸਮੇਂ ਤੁਹਾਨੂੰ ਆਪਣੇ ਰੋਜ਼ਾਨਾ ਕਾਰਜਾਂ ਲਈ ਮਦਦ ਦੀ ਲੋੜ ਪਵੇਗੀ।

## *1.35 ਜਿਉਂਦਾ ਦਾਨ*




**Notes:**

ਸਹਾਰੇ ਵਾਸਤੇ ਮਦਦ ਲਈ ਕੁਝ ਦਾਨੀਆਂ ਕੋਲ ਨਿੱਜੀ ਸਿਹਤ ਬੈਨੇਫਿਟ ਅਤੇ ਰੁਜ਼ਗਾਰ ਇੰਸੋਰੈਂਸ ਉਪਲਬਧ ਹੋ ਸਕਦੀ ਹੈ।

ਜ਼ਿਆਦਾਤਰ ਕੰਮ ਮਾਲਕ ਗੁਰਦਾ ਦਾਨ ਕਰਨ ਵਾਸਤੇ ਕੰਮ ਤੋਂ ਛੁੱਟੀ ਲੈਣ ਨੂੰ ਵਾਜਬ ਕਾਰਨ ਮਾਣਦੇ ਹਨ।



Presentation © BC Renal, December 2020

## *1.36 ਜਿਉਂਦਾ ਦਾਨ*

### ਜਿਊਂਦਾ ਦਾਨ

ਜਿਊਂਦੇ ਜੀਅ ਗੁਰਦਾ ਦਾਨ ਕਰਨ ਵਾਲੇ ਦਾਨੀਆਂ ਨੂੰ ਸਹਾਰਾ ਦੇਣ ਵਾਲੇ ਪ੍ਰੋਗਰਾਮ

- **Living Donor Expense Reimbursement Program (ਜਿਊਂਦੇ ਜੀਅ ਗੁਰਦਾ ਦਾਨ ਕਰਨ ਵਾਲੇ ਵਿਅਕਤੀਆਂ ਦੇ ਖ਼ਰਚਿਆਂ ਦੀ ਭਰਪਾਈ ਕਰਨ ਵਾਲਾ ਪ੍ਰੋਗਰਾਮ)** ਗੁਰਦਾ ਦਾਨ ਕਰਨ ਵਾਲਿਆਂ ਨੂੰ ਕੰਮ ਤੋਂ ਛੁੱਟੀ ਕਾਰਣ ਆਮਦਨ ਦੇ ਨੁਕਸਾਨ ਸਮੇਤ ਹੋਰ ਖ਼ਰਚਿਆਂ ਵਿੱਚ ਮਦਦ ਕਰ ਸਕਦਾ ਹੈ। www.kidney.ca/britishcolumbia/loderp
- **Living Donor Mentor Program (ਜਿਊਂਦੇ ਜੀਅ ਗੁਰਦਾ ਦਾਨ ਕਰਨ ਵਾਲਿਆਂ ਨੂੰ ਸਲਾਹ ਦੇਣ ਵਾਲਾ ਪ੍ਰੋਗਰਾਮ)** ਸੰਭਾਵੀ ਦਾਨੀਆਂ ਨੂੰ ਉਨ੍ਹਾਂ ਸਲਾਹਕਾਰਾਂ ਦੇ ਸੰਪਰਕ ਵਿੱਚ ਲਿਆ ਸਕਦਾ ਹੈ ਜਿਹੜੇ ਪਹਿਲਾਂ ਹੀ ਆਪਣਾ ਗੁਰਦਾ ਦਾਨ ਕਰ ਚੁੱਕੇ ਹਨ। 1-866-390-PEER (7337) 'ਤੇ ਕਾਲ ਕਰੋ। www.kidney.ca/britishcolumbia/peer-support



**Notes:**

ਦਾਨੀਆਂ ਨੂੰ ਸਹਾਰਾ ਦੇਣ ਵਿੱਚ ਮਦਦ ਕਰਨ ਵਾਲੇ ਹੋਰ ਪ੍ਰੋਗਰਾਮ ਵੀ ਉਪਲਬਧ ਹਨ ਜਿਵੇਂ ਕਿ:

- ਲਿਵਿੰਗ ਡੋਨਰ ਐਕਸਪੈਂਸ ਰੀਇਮਬਰਸਮੈਂਟ ਪ੍ਰੋਗਰਾਮ ਯਾਨੀ ਕਿ ਜਿਉਂਦੇ ਜੀਅ ਗੁਰਦਾ ਦਾਨ ਕਰਨ ਵਾਲੇ ਵਿਅਕਤੀਆਂ ਦੇ ਖ਼ਰਚਿਆਂ ਦੀ ਭਰਪਾਈ ਕਰਨ ਵਾਲਾ ਪ੍ਰੋਗਰਾਮ - ਜੋ ਕਿ ਖ਼ਰਚਿਆਂ ਵਿੱਚ ਮਦਦ ਲਈ ਹੈ, ਅਤੇ
- ਲਿਵਿੰਗ ਡੋਨਰ ਮੈਂਟਰ ਪ੍ਰੋਗਰਾਮ ਯਾਨੀ ਕਿ ਜਿਉਂਦੇ ਜੀਅ ਗੁਰਦਾ ਦਾਨ ਕਰਨ ਵਾਲਿਆਂ ਨੂੰ ਸਲਾਹ ਦੇਣ ਵਾਲਾ ਪ੍ਰੋਗਰਾਮ - ਜੋ ਕਿ ਬੀਤੇ ਸਮੇਂ ਵਿੱਚ ਗੁਰਦਾ ਦਾਨ ਕਰ ਚੁੱਕੇ ਲੋਕਾਂ ਤੋਂ ਸਹਾਰਾ ਮੁਹੱਇਆ ਕਰਵਾਉਂਦਾ ਹੈ।



Presentation © BC Renal, December 2020

### *1.37 ਜਿਊਂਦਾ ਦਾਨ:*

## *ਕਾਮਯਾਬੀ ਲਈ ਨੁਕਤੇ*




**Notes:**

ਜਿਊਂਦਾ ਗੁਰਦਾ ਦਾਨੀ ਲੱਭਣ ਵਿੱਚ ਆਪਣੀ ਕਾਮਯਾਬੀ ਦੇ ਸਾਵਧਾਨ ਵਿੱਚ ਸਹਾਇਤਾ ਹੋ ਸਕਦੀ ਹੈ, ਜੇ ਤੁਸੀਂ:

- ਆਪਣੇ ਪਰਿਵਾਰ ਅਤੇ ਦੋਸਤਾਂ ਦੇ ਬਾਕਾਇਦਾ ਸੰਪਰਕ ਵਿੱਚ ਰਹੋਂ ਅਤੇ ਉਨ੍ਹਾਂ ਨੂੰ ਆਪਣੀ ਹਾਲਤ ਬਾਰੇ ਦੱਸਦੇ ਰਹੋ
- ਜਾਨਕਾਰੀ ਲਈ ਟ੍ਰਾਂਸਪਲਾਂਟ ਸੈਂਟਰ ਨਾਲ ਸੰਪਰਕ ਕਰਨ ਲਈ ਦਾਨੀਆਂ ਨੂੰ ਟ੍ਰਾਂਸਪਲਾਂਟ ਸੈਂਟਰ ਵਿਖੇ ਆਉਣ ਦਾ ਸੱਦਾ ਦਿਉ
- ਇੱਕ ਤੋਂ ਜ਼ਿਆਦਾ ਜਿਊਂਦੇ ਦਾਨੀ ਲੱਭੋ


Presentation © BC Renal, December 2020

## *1.38 ਜਿਊਂਦਾ ਦਾਨ*





**Notes:**

ਇਹ ਸਮਝੋ ਕਿ ਦਾਨੀ ਲੱਭਣ ਵਿੱਚ ਕੁਝ ਸਮਾਂ ਲੱਗ ਸਕਦਾ ਹੈ।



Presentation © BC Renal, December 2020

## *1.39 ਮਰੀਜ਼ਾਂ ਅਤੇ ਦਾਨੀਆਂ ਲਈ ਵਸੀਲੇ*




**Notes:**

ਗੁਰਦਾ ਟ੍ਰਾਂਸਪਲਾਂਟ ਕਰਵਾਉਣ ਬਾਰੇ ਮਰੀਜ਼ਾਂ ਅਤੇ ਦਾਨੀਆਂ ਦੋਨੋਂ ਲਈ ਹੇਠ ਲਿਖੇ ਸਰੋਤਾਂ ਤੋਂ ਅਨੇਕਾਂ ਹੋਰ ਵਸੀਲੇ ਮੌਜੂਦ ਹਨ।

- ਬੀ.ਸੀ. ਟ੍ਰਾਂਸਪਲਾਂਟ
- ਬੀ.ਸੀ. ਰੀਨਲ ਅਤੇ
- ਬੀ.ਸੀ. ਕਿਡਨੀ ਫਾਊਂਡੇਸ਼ਨ

## *1.40 ਸੰਪਰਕ ਜਾਣਕਾਰੀ*




**Notes:**

ਤੁਸੀਂ ਵੈਨਕੂਵਰ ਜਨਰਲ ਹੌਸਪਿਟਲ ਅਤੇ ਸੇਂਟ ਪੌਲ'ਜ਼ ਹੌਸਪਿਟਲ ਵਿਖੇ ਗੁਰਦਾ ਟ੍ਰਾਂਸਪਲਾਂਟ ਟੀਮਾਂ ਨਾਲ ਵੀ ਸੰਪਰਕ ਕਰ ਸਕਦੇ ਹੋ।

## *1.41 ਗੁਰਦੇ ਦਾ ਟ੍ਰਾਂਸਪਲਾਂਟ*




**Notes:**


Presentation © BC Renal, December 2020